BRITISH COLUMBIA HealthLinkBC

Number 25d
May 2009

# ਜਨਮ ਸਮੇਂ ਬੱਚੇ ਦਾ ਹੈਪਾਟਾਈਟਿਸ ਬੀ ਤੋਂ ਬਚਾਉ

## Protecting Your Baby against Hepatitis B at Birth

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਈਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### ਹੈਪਾਟਾਈਟਿਸ ਬੀ (Hepatitis B) ਵੈਕਸੀਨਜ਼ ਕੀ ਹਨ?

ਹੈਪਾਟਾਈਟਿਸ ਬੀ (Hepatitis B) ਵੈਕਸੀਨ ਹੈਪਾਟਾਈਟਿਸ ਬੀ ਵਾਇਰਸ ਤੋਂ ਬਚਾਉਂਦੇ ਹਨ ਅਤੇ ਤੁਹਾਡੇ ਬੱਚੇ ਨੂੰ ਮੁਫ਼ਤ ਦਿੱਤੇ ਜਾਂਦੇ ਹਨ। ਇਹ ਵੈਕਸੀਨ Health Canada (ਹੈੱਲਥ ਕੈਨੇਡਾ) ਵਲੋਂ ਪ੍ਰਵਾਨਿਤ ਹਨ।

### ਹੈਪਾਟਾਈਟਿਸ ਬੀ ਕੀ ਹੈ?

ਹੈਪਾਟਾਈਟਿਸ ਬੀ ਇੱਕ ਵਾਇਰਸ ਹੈ ਜੋ ਤੁਹਾਡੇ ਖ਼ੂਨ ਵਿੱਚ ਮਿਲ ਕੇ ਜਿਗਰ ਵਿੱਚ ਚਲਿਆ ਜਾਂਦਾ ਹੈ। ਜਦੋਂ ਬੱਚੇ ਨੂੰ ਹੈਪਾਟਾਈਟਿਸ ਬੀ ਹੋ ਜਾਂਦਾ ਹੈ, ਤਾਂ ਇਹ ਵਾਇਰਸ ਸਾਰੀ ਉਮਰ ਲਈ ਸਰੀਰ ਵਿੱਚ ਰਹਿ ਸਕਦਾ ਹੈ। ਜੇ ਇਹ ਵਾਇਰਸ ਜ਼ਿਆਦਾ ਸਮੇਂ ਲਈ ਸਰੀਰ ਵਿੱਚ ਰਹੇ ਤਾਂ ਜਿਗਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਨਾਲ ਜਿਗਰ ਦਾ ਕੈਂਸਰ ਹੋਣ ਦਾ ਵੀ ਗੰਭੀਰ ਖ਼ਤਰਾ ਹੈ। ਜਿਗਰ ਇੱਕ ਮਹੱਤਵਪੂਰਨ ਅੰਗ ਹੈ ਅਤੇ ਤੁਹਾਡੇ ਕੋਲ ਇੱਕੋ ਹੀ ਹੈ।

### ਜਨਮ ਸਮੇਂ ਕਿਸ ਨੂੰ ਹੈਪਾਟਾਈਟਿਸ ਬੀ ਵੈਕਸੀਨ ਲੈਣਾ ਚਾਹੀਦਾ ਹੈ?

ਐਸੇ ਬੱਚਿਆਂ ਨੂੰ ਜਨਮ ਸਮੇਂ ਹੈਪਾਟਾਈਟਿਸ ਬੀ ਤੋਂ ਸੁਰੱਖਿਆ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ ਜਿਨ੍ਹਾਂ ਬੱਚਿਆਂ ਦੀ ਮਾਂ ਨੂੰ ਹੈਪਾਟਾਈਟਿਸ ਬੀ ਹੈ ਜਾਂ ਨਸ਼ੇ ਦੇ ਟੀਕੇ ਲਗਾਉਣ ਵਾਲੀ ਹੈ ਜਾਂ ਜਿਸਮ ਫ਼ਰੋਸ਼ੀ ਦਾ ਧੰਦਾ ਕਰਨ ਵਾਲੀ ਹੈ ਜਿਸ ਨੂੰ ਇਹ ਬਿਮਾਰੀ ਹੋਣ ਦਾ ਜ਼ਿਆਦਾ ਖ਼ਤਰਾ ਹੈ। ਜਨਮ ਸਮੇਂ ਮਾਂ ਬੱਚੇ ਨੂੰ ਇਹ ਵਾਇਰਸ ਦੇ ਸਕਦੀ ਹੈ।

### ਹੈਪਾਟਾਈਟਿਸ ਬੀ ਤੋਂ ਬੱਚੇ ਦਾ ਬਚਾਉ ਕਿਵੇਂ ਹੁੰਦਾ ਹੈ?

ਜੇ ਮਾਂ ਨੂੰ ਹੈਪਾਟਾਈਟਿਸ ਬੀ ਦੀ ਬਿਮਾਰੀ ਹੈ ਜਾਂ ਬਿਮਾਰੀ ਦਾ ਖ਼ਤਰਾ ਹੈ ਤਾਂ ਬੱਚੇ ਨੂੰ ਜਨਮ ਸਮੇਂ 2 ਟੀਕੇ ਲਗਾਏ ਜਾਣ ਗੇ। ਇੱਕ ਹੈਪਾਟਾਈਟਿਸ ਇਮਿਊਨ ਗਲੋਬਿਊਲਿਨ ਹੈ। ਇਹ ਐਂਟੀਬਾਡੀਜ਼ ਦਾ ਬਣਿਆ ਹੁੰਦਾ ਹੈ ਅਤੇ ਹੈਪਾਟਾਈਟਿਸ ਬੀ ਜਰਮਜ਼ ਨਾਲ ਸਿੱਧਾ ਮੁਕਾਬਲਾ ਕਰਦਾ ਹੈ। ਦੂਜਾ ਟੀਕਾ ਹੈਪਾਟਾਈਟਿਸ ਬੀ ਵੈਕਸੀਨ ਦਾ ਹੈ, ਜੋ ਬੱਚੇ ਦੇ ਸਰੀਰ ਨੂੰ ਆਪਣੇ ਆਪ ਐਂਟੀਬਾਡੀਜ਼ ਬਣਾਉਣ ਵਿੱਚ ਮਦਦ ਕਰਦਾ ਹੈ। ਜਿਸ ਬੱਚੇ ਦੀ ਮਾਂ ਨੂੰ ਇਹ ਬਿਮਾਰੀ ਨਹੀਂ ਪਰ ਘਰ ਦੇ ਕਿਸੇ ਮੈਂਬਰ ਜਾਂ ਦੇਖ ਭਾਲ ਕਰਨ ਵਾਲੇ ਨੂੰ ਹੈਪਾਟਾਈਟਿਸ ਬੀ ਹੈ ਤਾਂ ਉਸ ਬੱਚੇ ਨੂੰ ਜਨਮ ਸਮੇਂ ਸਿਰਫ਼ ਹੈਪਾਟਾਈਟਿਸ ਬੀ ਦਾ ਟੀਕਾ ਹੀ ਲਗੇ ਗਾ।

ਜਨਮ ਤੋਂ ਬਾਅਦ, 2, 4, 6 ਮਹੀਨਿਆਂ ਨੂੰ ਬੱਚੇ ਨੂੰ ਹੈਪਾਟਾਈਟਿਸ ਬੀ ਵੈਕਸੀਨ ਦੀਆਂ 3 ਹੋਰ ਖ਼ੁਰਾਕਾਂ ਜਾਂ ਟੀਕਿਆਂ ਦੀ ਲੋੜ ਹੋਵੇਗੀ। ਇਹ ਬਚਪਣ ਦੇ ਹੋਰ ਵੈਕਸੀਨਜ਼ ਦੇ ਨਾਲ ਹੀ ਦਿੱਤੇ ਜਾਂਦੇ ਹਨ।

ਜਿਨ੍ਹਾਂ ਬੱਚਿਆਂ ਨੂੰ ਜਨਮ ਸਮੇਂ ਇਮਿਊਨ ਗਲੋਬਿਊਲਿਨ ਜਾਂ ਹੈਪਾਟਾਈਟਿਸ ਬੀ ਵੈਕਸੀਨ ਦੇ ਟੀਕੇ ਲਗਦੇ ਹਨ, ਆਖਰੀ ਖ਼ੁਰਾਕ ਤੋਂ ਬਾਅਦ ਉਨ੍ਹਾਂ ਦੇ ਖ਼ੂਨ ਦਾ ਟੈਸਟ ਇਹ ਸੁਨਿਸ਼ਚਿਤ ਕਰਨ ਲਈ ਕੀਤਾ ਜਾਂਦਾ ਹੈ ਕਿ ਵੈਕਸੀਨ ਨੇ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਹੈ।

| ਹੈਪਾਟਾਈਟਿਸ ਬੀ ਵੈਕਸੀਨਜ਼ | ਵੈਕਸੀਨੇਸ਼ਨ ਸਮੇਂ ਬੱਚੇ ਦੀ ਉਮਰ |
|---|---|
| ਪਹਿਲੀ ਖ਼ੁਰਾਕ | ਜਨਮ ਸਮੇਂ |
| ਦੂਜੀ ਖ਼ੁਰਾਕ | 2 ਮਹੀਨੇ |
| ਤੀਜੀ ਖ਼ੁਰਾਕ | 4 ਮਹੀਨੇ |
| ਚੌਥੀ ਖ਼ੁਰਾਕ | 6 ਮਹੀਨੇ |
| ਖ਼ੂਨ ਟੈਸਟ | ਚੌਥੀ ਖ਼ੁਰਾਕ ਤੋਂ 4 ਹਫ਼ਤੇ ਬਾਅਦ |

ਇਹ ਬੜਾ ਜ਼ਰੂਰੀ ਹੈ ਕਿ ਸਾਰੇ ਟੀਕੇ ਸਮੇਂ ਸਿਰ ਹੀ ਲਗਵਾਏ ਜਾਣ। ਸਾਰੀਆਂ ਇਮਿਊਨਾਈਜ਼ੇਸ਼ਨਜ਼ ਦਾ ਰਿਕਾਰਡ ਰੱਖੋ।

### ਹੈਪਾਟਾਈਟਿਸ ਬੀ ਕਿਵੇਂ ਫੈਲਦਾ ਹੈ?

ਹੈਪਾਟਾਈਟਿਸ ਬੀ ਖ਼ੂਨ ਜਾਂ ਸਰੀਰਕ ਦਰਵਾਂ ਦੇ ਸੰਪਰਕ ਨਾਲ ਫੈਲਦਾ ਹੈ – ਜਿਵੇਂ ਬੱਚੇ ਦੇ ਜਨਮ ਸਮੇਂ। ਹੈਪਾਟਾਈਟਿਸ ਬੀ ਵਾਲੀ ਬਿਮਾਰੀ ਵਾਲੇ ਮਨੁਖਾਂ ਨਾਲ ਕੁਝ ਐਸੀਆਂ ਚੀਜ਼ਾਂ ਸਾਂਝੀਆਂ ਕਰਨ ਨਾਲ ਜਿਨ੍ਹਾਂ ਨੂੰ ਖ਼ੂਨ ਲਗਾ ਹੋਵੇ ਜਿਵੇਂ ਕਿ ਦੰਦਾਂ ਦਾ ਬੁਰਸ਼,

ਉਸਤਰਾ, ਦੰਦ ਸਾਫ਼ ਕਰਨ ਵਾਲਾ ਧਾਗਾ, ਨਹੁੰ ਸਾਫ਼ ਕਰਨ ਵਾਲੀ ਰੇਤੀ, ਨਸ਼ੇ ਵਾਲੀਆਂ ਗੰਦੀਆਂ ਸੂਈਆਂ ਅਤੇ ਅਸੁਰੱਖਿਅਤ ਸੰਭੋਗ ਕਰਨ ਨਾਲ ਵੀ ਇਹ ਬਿਮਾਰੀ ਫੈਲਦੀ ਹੈ।
ਹੈਪਾਟਾਈਟਿਸ ਬੀ ਵਾਲੇ ਲੋਕਾਂ ਨੂੰ ਆਮ ਤੌਰ ਤੇ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ ਅਤੇ ਹੋਰਨਾਂ ਨੂੰ ਇਹ ਬਿਮਾਰੀ ਫੈਲਾਅ ਸਕਦੇ ਹਨ। ਘਰ ਵਿੱਚ ਇੱਕ ਮਨੁੱਖ ਨੂੰ ਹੈਪਾਟਾਈਟਿਸ ਬੀ ਹੋਣ ਕਾਰਨ ਬਾਕੀ ਲੋਕਾਂ ਨੂੰ ਵੀ ਇਹ ਬਿਮਾਰੀ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੈਪਾਟਾਈਟਿਸ ਬੀ ਦਾ ਵੈਕਸੀਨ ਲੈ ਲੈਣਾ ਚਾਹੀਦਾ ਹੈ। ਆਪਣੀ ਸਥਾਨਿਕ ਹੈੱਲਥ ਯੂਨਿਟ ਜਾਂ ਫ਼ੈਮਲੀ ਡਾਕਟਰ ਨਾਲ ਸੰਪਰਕ ਕਰੋ। ਇਹ ਵੈਕਸੀਨ ਮੁਫ਼ਤ ਹੈ।

## ਜੇ ਮੈਨੂੰ ਹੈਪਾਟਾਈਟਿਸ ਬੀ ਹੈ ਤਾਂ ਕੀ ਮੈਂ ਬੱਚੇ ਨੂੰ ਦੁੱਧ ਚੁੰਘਾ ਸਕਦੀ ਹਾਂ?

ਜਿਨ੍ਹਾਂ ਮਾਂਵਾਂ ਨੂੰ ਹੈਪਾਟਾਈਟਿਸ ਬੀ ਹੈ ਉਹ ਤਾਂ ਹੀ ਦੁੱਧ ਚੁੰਘਾ ਸਕਦੀਆਂ ਹਨ ਜੇਕਰ ਉਨ੍ਹਾਂ ਦੇ ਬੱਚੇ ਨੂੰ ਹੈਪਾਟਾਈਟਿਸ ਬੀ ਇਮਿਊਨ ਗਲੋਬਿਊਲਿਨ ਦੀ ਇੱਕ ਖ਼ੁਰਾਕ ਅਤੇ ਹੈਪਾਟਾਈਟਿਸ ਬੀ ਵੈਕਸੀਨ ਦੀ ਇੱਕ ਖ਼ੁਰਾਕ ਜਨਮ ਸਮੇਂ ਦਿੱਤੀ ਗਈ ਹੈ। ਇਹ ਬੜਾ ਜ਼ਰੂਰੀ ਹੈ ਕਿ ਪੂਰੀ ਸੁਰੱਖਿਆ ਲਈ ਬੱਚੇ ਨੂੰ ਬਾਕੀ ਖ਼ੁਰਾਕਾਂ ਜਾਂ ਟੀਕੇ 2, 4 ਅਤੇ 6 ਮਹੀਨਿਆਂ ਦੀ ਉਮਰ ਤੇ ਲਗਵਾ ਦਿੱਤੇ ਜਾਣ।

## ਹੈਪਾਟਾਈਟਿਸ ਬੀ ਵੈਕਸੀਨ ਦੇ ਫ਼ਾਇਦੇ

ਹੈਪਾਟਾਈਟਿਸ ਬੀ ਅਤੇ ਇਸ ਦੀਆਂ ਉਲਝਨਾਂ ਜਿਨ੍ਹਾਂ ਵਿੱਚ ਜਿਗਰ ਦਾ ਪੱਕੇ ਤੌਰ ਤੇ ਨੁਕਸਾਨ, ਜਿਸਤੋਂ ਜਿਗਰ ਦਾ ਕੈਂਸਰ ਅਤੇ ਮੌਤ ਵੀ ਹੋ ਸਕਦੀ ਹੈ ਤੋਂ ਬੱਚੇ ਦੇ ਬਚਾਉ ਲਈ ਹੈਪਾਟਾਈਟਿਸ ਬੀ ਵੈਕਸੀਨ ਸਭ ਤੋਂ ਜ਼ਿਆਦਾ ਚੰਗਾ ਤਰੀਕਾ ਹੈ।

ਤੁਸੀਂ ਆਪਣੇ ਬੱਚੇ ਨੂੰ ਵੈਕਸੀਨ ਲਗਵਾ ਕੇ ਹੋਰ ਲੋਕਾਂ ਦੇ ਬਚਾਉ ਵਿੱਚ ਵੀ ਮਦਦ ਕਰ ਸਕਦੇ ਹੋ।

## ਕਿਨ੍ਹਾਂ ਨੂੰ ਹੈਪਾਟਾਈਟਿਸ ਬੀ ਵੈਕਸੀਨ ਨਹੀਂ ਲੈਣਾ ਚਾਹੀਦਾ?

ਜਦੋਂ ਤੁਸੀਂ 2, 4 ਜਾਂ 6 ਮਹੀਨਿਆਂ ਦੇ ਆਪਣੇ ਬੱਚੇ ਨੂੰ ਵੈਕਸੀਨ ਲਈ ਲਿਆਉਂਦੇ ਹੋ ਤਾਂ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨਾਲ ਗਲ ਕਰੋ ਜੇ ਹੈਪਾਟਾਈਟਿਸ ਬੀ ਜਾਂ ਯੀਸਟ ਅਤੇ ਲੇਟੈਕਸ ਸਮੇਤ ਵੈਕਸੀਨ ਦੇ ਕਿਸੇ ਅੰਸ਼ ਦੀ ਪਿਛਲੀ ਖ਼ੁਰਾਕ ਨਾਲ ਤੁਹਾਡੇ ਬੱਚੇ ਨੂੰ ਜਾਨ ਲੇਵਾ ਰਿਐਕਸ਼ਨ ਹੋਇਆ ਹੋਵੇ।

## ਵੈਕਸੀਨਜ਼ ਤੋਂ ਬਾਅਦ ਸੰਭਵ ਰਿਐਕਸ਼ਨ

ਵੈਕਸੀਨ ਬੜੇ ਸੁਰੱਖਿਅਤ ਹੁੰਦੇ ਹਨ। ਹੈਪਾਟਾਈਟਿਸ ਬਿਮਾਰੀ ਨਾਲੋਂ ਹੈਪਾਟਾਈਟਿਸ ਬੀ ਵੈਕਸੀਨ ਲੈਣਾ ਵਧੇਰੇ ਸੁਰੱਖਿਅਤ ਹੈ। ਵੈਕਸੀਨ ਦੇ ਆਮ ਰਿਐਕਸ਼ਨਜ਼ ਵਿੱਚ ਟੀਕੇ ਵਾਲੀ ਥਾਂ ਦਾ ਦੁਖਣਾ, ਖਾਰਸ਼ ਹੋਣੀ, ਲਾਲ ਹੋਣਾ, ਸੁਜਣਾ ਸ਼ਾਮਲ ਹਨ। ਬੇਚੈਨੀ ਜਾਂ ਹਲਕਾ ਬੁਖ਼ਾਰ ਵੀ ਹੋ ਸਕਦਾ ਹੈ।

ਐਸੀਟਾਮੀਨੋਫੇਨ ਜਾਂ ਟੈਲੀਨੋਲ (Tylenol®) ਬੁਖ਼ਾਰ ਜਾਂ ਸਰੀਰ ਦੁਖ਼ਣ ਤੇ ਦਿੱਤੀ ਜਾ ਸਕਦੀ ਹੈ। ਰਾਈ ਸਿੰਡਰੋਮ ਦੇ ਖ਼ਤਰੇ ਕਾਰਨ ਏ ਐਸ ਏ ਜਾਂ ਐਸਪ੍ਰੀਨ 20 ਸਾਲ ਤੋਂ ਘੱਟ ਉਮਰ ਵਾਲੇ ਨੂੰ ਨਹੀਂ ਦੇਣੀ

ਇਹ ਬੜਾ ਜ਼ਰੂਰੀ ਹੈ ਕਿ ਕੋਈ ਵੀ ਵੈਕਸੀਨ ਲੈਣ ਤੋਂ ਬਾਅਦ 15 ਮਿੰਟ ਕਲੀਨਿਕ ਵਿੱਚ ਹੀ ਰੁਕਿਆ ਜਾਵੇ ਕਿਉਂਕਿ ਕਦੀ ਕਦਾਈਂ ਕਿਸੇ ਹਾਲਤ ਵਿੱਚ ਜਾਨ ਲੇਵਾ ਪ੍ਰਤੀਕਰਮ ਐਨਾਫਿਲੈਕਸਿਸ ਹੋ ਸਕਦਾ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ਼, ਗਲਾ, ਜੀਭ ਜਾਂ ਬੁੱਲ੍ਹ ਵੀ ਸੁੱਜ ਸਕਦੇ ਹਨ। ਜੇ ਇਸ ਤਰਾਂ ਕਲੀਨਿਕ ਤੋਂ ਜਾਣ ਦੇ ਬਾਅਦ ਹੋਵੇ ਤਾਂ 911 ਜਾਂ ਲੋਕਲ ਐਮਰਜੈਂਸੀ ਨੂੰ ਫ਼ੋਨ ਕਰੋ। ਇਸ ਪ੍ਰਤੀਕਰਮ ਦਾ ਇਲਾਜ ਹੋ ਸਕਦਾ ਹੈ ਅਤੇ ਵੈਕਸੀਨ ਲੈਣ ਵਾਲਿਆਂ ਵਿੱਚੋਂ ਐਸੀ ਹਾਲਤ ਦਸ ਲੱਖ ਵਿੱਚੋਂ ਕਿਸੇ ਇੱਕ ਦੀ ਹੁੰਦੀ ਹੈ।

**ਜ਼ਿਆਦਾ ਗੰਭੀਰ ਜਾਂ ਕਿਸੇ ਅਚਾਨਕ ਪ੍ਰਤੀਕਰਮ ਦੀ ਇਤਲਾਹ ਆਪਣੇ ਡਾਕਟਰ ਜਾਂ ਪਬਲਿਕ ਹੈੱਲਥ ਨਰਸ ਨੂੰ ਕਰੋ।**

## ਹੋਰ ਜਾਣਕਾਰੀ ਲਈ ਹੇਠ ਲਿਖੀਆਂ ਹੈੱਲਥਲਿੰਕ ਬੀ ਸੀ ਫ਼ਾਈਲਾਂ ਦੇਖੋ:


#25a ਹੈਪਾਟਾਈਟਿਸ ਬੀ ਵੈਕਸੀਨ

#25b ਹੈਪਾਟਾਈਟਿਸ ਬੀ ਇਮਿਊਨ ਗਲੋਬਿਊਲਿਨ

#25c ਹੈਪਾਟਾਈਟਿਸ ਬੀ ਇਨਫ਼ੈਂਟ ਵੈਕਸੀਨ


ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA The Best Place on Earth | ImmunizeBC | BC Centre for Disease Control AN AGENCY OF THE PROVINCIAL HEALTH SERVICES AUTHORITY